# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 11-06-2025**

- ਪ੍ਰਧਾਨ ਮੰਤਰੀ ਮੋਦੀ ਨੇ ਭਲਾਈ-ਅਧਾਰਤ ਵਿਕਾਸ ਪ੍ਰਤੀ ਸਰਕਾਰ ਦੇ ਅਟੁੱਟ ਸਮਰਪਣ ਦੀ ਪੁਸ਼ਟੀ ਕੀਤੀ ਏ।
- ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਕਿਹਾ ਏ ਕਿ ਚੁਗਿਰਦੇ ਦੇ ਸਤਿਕਾਰ ਦੀ ਭਾਰਤ ਦੀ ਮੁਢ ਤੋਂ ਚਲੀ ਆ ਰਹੀ ਰਵਾਇਤ ਨੂੰ ਮੁੜ੍ਹ – ਸੁਰਜੀਤ ਕਰਨ ਦੀ ਲੋੜ ਏ।
- ਪੰਜਾਬ ਦੇ ਮੁਖ – ਮੰਤਰੀ ਭਗਵੰਤ ਸਿੰਘ ਮਾਨ ਵਲੋਂ ਅੱਜ ਜਲੰਧਰ ਦੇ ਬਰਲਟਨ ਪਾਰਕ ਵਿਖੇ ਵਿਸ਼ਵ ਪਧਰੀ ਸਪੋਰਟਸ ਹਬ ਦਾ ਨੀਂਹ ਪਥਰ ਰਖਿਆ।
- ਅੱਜ ਦੇਸ਼ ਭਰ ਵਿਚ ਸਤਿਗੁਰ ਕਬੀਰ ਜੀ ਦਾ ਪ੍ਰਕਾਸ਼ ਉਤਸਵ ਪੂਰੀ ਧਾਰਮਿਕ ਸ਼ਰਧਾ ਨਾਲ ਮਨਾਇਆ ਜਾ ਰਿਹਾ ਏ।

- ਪੰਜਾਬ ਭਰ ਵਿਚ ਜ਼ਬਰਦਸਤ ਗਰਮੀ ਪੈਣਾ ਜਾਰੀ ਏ ।

---------------------------------------------------------------

ਪ੍ਰਧਾਨ ਮੰਤਰੀ ਮੋਦੀ ਨੇ ਅੱਜ, ਇਹ ਯਕੀਨੀ ਬਣਾਉਂਦੇ ਹੋਏ ਕਿ ਲੋਕਾਂ ਪਖੀ ਵੱਖ-ਵੱਖ ਯੋਜਨਾਵਾਂ ਵੱਧ ਤੋਂ ਵੱਧ ਨਾਗਰਿਕਾਂ ਤੱਕ ਪਹੁੰਚ ਸਕਣ, ਭਲਾਈ-ਅਧਾਰਤ ਵਿਕਾਸ ਪ੍ਰਤੀ ਸਰਕਾਰ ਦੇ ਅਟੁੱਟ ਸਮਰਪਣ ਦੀ ਪੁਸ਼ਟੀ ਕੀਤੀ ਏ । ਅੰਤਰਰਾਸ਼ਟਰੀ ਕਿਰਤ ਸੰਗਠਨ ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਦੀ ਸਮਾਜਿਕ ਸੁਰੱਖਿਆ ਕਵਰੇਜ 2015 ਵਿੱਚ 19 ਫੀਸਦੀ ਤੋਂ ਵੱਧ ਕੇ 2025 ਵਿੱਚ 64.3 ਫੀਸਦੀ ਹੋ ਗਈ ਏ । ਕਿਰਤ ਅਤੇ ਰੁਜ਼ਗਾਰ ਮੰਤਰੀ ਡਾ. ਮਨਸੁਖ ਮਾਂਡਵੀਆ ਵਲੋਂ ਇੱਕ ਸੋਸ਼ਲ ਮੀਡੀਆ ਪੋਸਟ ਦਾ ਜਵਾਬ ਦਿੰਦਿਆਂ, ਸ਼੍ਰੀ ਮੋਦੀ ਨੇ ਇਨ੍ਹਾਂ ਪਹਿਲਕਦਮੀਆਂ ਦੀ ਪ੍ਰਭਾਵਸ਼ੀਲਤਾ ਅਤੇ ਪਹੁੰਚ ਵਿੱਚ ਸ਼ਲਾਘਾਯੋਗ ਵਾਧੇ ਦੀ ਤਾਰੀਫ਼ ਕੀਤੀ।

---------------------------------------------------------------

ਭਾਰਤ ਵਿਚ ਸੇਵਾ, ਸੁਸ਼ਾਸਨ ਅਤੇ ਗਰੀਬਾਂ ਦੀ ਭਲਾਈ ਦੇ ਸਿਧਾਂਤਾਂ ਸਦਕਾ ਇੱਕ ਦਹਾਕੇ ਵਿਚ ਸ਼ਾਨਦਾਰ ਤਬਦੀਲੀ ਆਈ ਏ. ਪਿਛਲੇ 11

ਸਾਲਾਂ ਵਿਚ ਮੁਖ ਖੇਤਰਾਂ ‘ਚ ਸਰਕਾਰ ਦੇ ਉਪਰਾਲਿਆਂ ਬਾਰੇ ਆਕਾਸ਼ਵਾਣੀ ਖਬਰਾਂ ਵਲੋਂ ਇੱਕ ਵਿਸ਼ੇਸ ਲੜੀ ਪੇਸ਼ ਕੀਤੀ ਜਾ ਰਹੀ ਏ। ਅੱਜ, ਅਸੀਂ ਭਾਰਤ ਦੇ ਆਵਾਜਾਈ ਬੁਨਿਆਦੀ ਢਾਂਚੇ ਦੇ ਬਦਲਾਅ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ –

*"ਪਿਛਲੇ ਦਹਾਕੇ ਦੌਰਾਨ, ਭਾਰਤ ਨੇ ਇੱਕ ਸੰਪੂਰਨ ਅਤੇ ਏਕੀਕ੍ਰਿਤ ਪਹੁੰਚ ਦੁਆਰਾ ਸੰਚਾਲਿਤ ਬੁਨਿਆਦੀ ਢਾਂਚੇ ਦੇ ਵਿਕਾਸ ਦਾ ਇੱਕ ਬੇਮਿਸਾਲ ਪੈਮਾਨਾ ਦੇਖਿਆ ਹੈ। ਹਾਈਵੇ ਨਿਰਮਾਣ ਦੀ ਰੋਜ਼ਾਨਾ ਔਸਤ 34 ਕਿਲੋਮੀਟਰ ਪ੍ਰਤੀ ਦਿਨ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ, ਜੋ ਕਿ 2014 ਵਿੱਚ ਲਗਭਗ ਤਿੰਨ ਗੁਣਾ ਹੈ। ਭਾਰਤਮਾਲਾ ਪਰਿਯੋਜਨਾ ਦੇ ਤਹਿਤ, ਆਰਥਿਕ ਗਲਿਆਰਿਆਂ ਨੂੰ ਵਿਕਸਤ ਕਰਨ ਅਤੇ ਲੌਜਿਸਟਿਕਸ ਲਾਗਤਾਂ ਨੂੰ ਘਟਾਉਣ ਲਈ 20 ਹਜ਼ਾਰ ਕਿਲੋਮੀਟਰ ਤੋਂ ਵੱਧ ਹਾਈਵੇ ਬਣਾਏ ਗਏ ਹਨ। ਇਸ ਦੌਰਾਨ, ਪੇਂਡੂ ਸੰਪਰਕ 99 ਪ੍ਰਤੀਸ਼ਤ ਤੱਕ ਪਹੁੰਚ ਗਿਆ ਹੈ, ਜਿਸ ਵਿੱਚ 2014 ਤੋਂ ਬਾਅਦ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਹਿਤ 7.8 ਲੱਖ ਕਿਲੋਮੀਟਰ ਤੋਂ ਵੱਧ ਸੜਕਾਂ ਬਣੀਆਂ ਹਨ। ਪ੍ਰਧਾਨ ਮੰਤਰੀ ਗਤੀ*

*ਸ਼ਕਤੀ ਰਾਸ਼ਟਰੀ ਮਾਸਟਰ ਪਲਾਨ ਨੇ ਏਕੀਕ੍ਰਿਤ ਬੁਨਿਆਦੀ ਢਾਂਚੇ ਦੇ ਵਿਕਾਸ ਲਈ 44 ਮੰਤਰਾਲਿਆਂ ਅਤੇ 36 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ GIS-ਅਧਾਰਤ ਡਿਜੀਟਲ ਪਲੇਟਫਾਰਮ 'ਤੇ ਜੋੜਿਆ ਹੈ। ਰੇਲਵੇ ਨੇ ਵੀ ਵੱਡੇ ਪੱਧਰ 'ਤੇ ਸਮਰੱਥਾ ਵਿੱਚ ਵਾਧਾ ਦੇਖਿਆ ਹੈ, ਜਿਸ ਵਿੱਚ 45 ਹਜ਼ਾਰ ਤੋਂ ਵੱਧ ਰੂਟ ਕਿਲੋਮੀਟਰ ਬਿਜਲੀਕਰਨ ਅਤੇ 68 ਵੰਦੇ ਭਾਰਤ ਐਕਸਪ੍ਰੈਸ ਟ੍ਰੇਨਾਂ 333 ਜ਼ਿਲ੍ਹਿਆਂ ਨੂੰ ਜੋੜਦੀਆਂ ਹਨ। ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਤਹਿਤ 1300 ਤੋਂ ਵੱਧ ਰੇਲਵੇ ਸਟੇਸ਼ਨਾਂ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ। ਹਵਾਬਾਜ਼ੀ ਖੇਤਰ ਵਿੱਚ, ਉਦੇ ਦੇਸ਼ ਕਾ ਦੇ ਤਹਿਤ 88 ਹਵਾਈ ਅੱਡਿਆਂ ਨੂੰ ਸਰਗਰਮ ਕੀਤਾ ਗਿਆ ਹੈ। ਆਮ ਨਾਗਰਿਕ (ਉਡਾਨ) ਯੋਜਨਾ। ਮੈਟਰੋ ਰੇਲ ਸੰਪਰਕ ਹੁਣ 23 ਸ਼ਹਿਰਾਂ ਵਿੱਚ ਫੈਲਿਆ ਹੋਇਆ ਹੈ, ਜਿਸ ਨਾਲ ਭਾਰਤ ਦੁਨੀਆ ਦੇ ਤੀਜੇ ਸਭ ਤੋਂ ਵੱਡੇ ਮੈਟਰੋ ਨੈੱਟਵਰਕ ਵਜੋਂ ਉੱਭਰ ਰਿਹਾ ਹੈ। ਸਾਗਰਮਾਲਾ ਪ੍ਰੋਗਰਾਮ ਦੇ ਤਹਿਤ ਬੰਦਰਗਾਹਾਂ ਅਤੇ ਅੰਦਰੂਨੀ ਜਲ ਮਾਰਗਾਂ ਨੇ ਇੱਕ ਵੱਡਾ ਛਾਲ ਮਾਰੀ ਹੈ, ਜਿੱਥੇ 277 ਬੰਦਰਗਾਹਾਂ ਨਾਲ ਜੁੜੇ*

***ਪ੍ਰੋਜੈਕਟ ਪੂਰੇ ਕੀਤੇ ਗਏ ਹਨ। ਸਟੈਚੂ ਆਫ਼ ਯੂਨਿਟੀ, ਚੇਨਾਬ ਰੇਲਵੇ ਬ੍ਰਿਜ - ਦੁਨੀਆ ਦਾ ਸਭ ਤੋਂ ਉੱਚਾ - ਅਤੇ ਅਟਲ ਸੁਰੰਗ, 10 ਹਜ਼ਾਰ ਫੁੱਟ ਤੋਂ ਉੱਪਰ ਦੁਨੀਆ ਦੀ ਸਭ ਤੋਂ ਲੰਬੀ ਹਾਈਵੇਅ ਸੁਰੰਗ, ਭਾਰਤ ਦੇ ਇੰਜੀਨੀਅਰਿੰਗ ਅਜੂਬਿਆਂ ਦੇ ਪ੍ਰਤੀਕ ਵਜੋਂ ਉੱਚੇ ਖੜ੍ਹੇ ਹਨ।ਇਕੱਠੇ ਮਿਲ ਕੇ, ਇਹ ਮੀਲ ਪੱਥਰ ਉਤਪਾਦਕਤਾ ਨੂੰ ਵਧਾ ਰਹੇ ਹਨ, ਸੰਪਰਕ ਵਿੱਚ ਸੁਧਾਰ ਕਰ ਰਹੇ ਹਨ, ਅਤੇ 2047 ਤੱਕ ਵਿਕਾਸ ਭਾਰਤ ਦੀ ਨੀਂਹ ਰੱਖ ਰਹੇ ਹਨ।***

---------------------------------------------------

ਪੰਜਾਬ ਦੇ ਮੁਖ – ਮੰਤਰੀ ਭਗਵੰਤ ਸਿੰਘ ਮਾਨ ਵਲੋਂ ਅੱਜ ਜਲੰਧਰ ਦੇ ਬਰਲਟਨ ਪਾਰਕ ਵਿਖੇ ਵਿਸ਼ਵ ਪਧਰੀ ਸਪੋਰਟਸ ਹਬ ਦਾ ਨੀਂਹ ਪਥਰ ਰਖਿਆ। ਕੇਂਦਰ ਸਰਕਾਰ ਦੇ ਸਮਾਰਟ ਸਿਟੀ ਮਿਸ਼ਨ ਤਹਿਤ ਲਗਭਗ 78 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਇਹ ਕੇਂਦਰ ਅਤਿ – ਆਧੁਨਿਕ ਖੇਡ ਕੇਂਦਰ ਹੋਏਗਾ ਜਿਸਦੇ ਅਗਲੇ ਸਾਲ ਤਕ ਮੁਕੰਮਲ ਹੋਣ ਦੀ ਉਮੀਦ ਏ। ਇਸ ਸਪੋਰਟਸ ਕੇਂਦਰ ਵਿਚ 16 ਕਰੋੜ ਰੁਪਏ ਨਾਲ ਕ੍ਰਿਕੇਟ ਸਟੇਡੀਅਮ, 8 ਕਰੋੜ ਰੁਪਏ ਦੀ ਲਾਗਤ ਨਾਲ HOCKEY

STADIUM, ਤੇ 30 ਕਰੋੜ ਰੁਪਏ ਦੀ ਲਾਗਤ ਵਾਲਾ MULTIPURPOSE ਸਟੇਡੀਅਮ ਦਾ ਵੀ ਨਿਰਮਾਣ ਕੀਤਾ ਜਾਏਗਾ ਜਿਸ ਵਿਚ ਕਬੱਡੀ, ਕੁਸ਼ਤੀ, ਬਾਸਕਟਬਾਲ, ਮੁੱਕੇਬਾਜ਼ੀ ਅਤੇ ਹੋਰ ਖੇਡਾਂ ਦੀ ਅੰਤਰ – ਰਾਸ਼ਟਰੀ ਪਧਰ ਦੀ ਸਿਖਲਾਈ ਦਿੱਤੀ ਜਾਏਗੀ। ਇਸ ਮੌਕੇ 'ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਮੰਤਰੀ ਮੰਡਲ ਦੇ ਮੈਂਬਰ ਵੀ ਮੌਜੂਦ ਸਨ । ਰਾਜ ਸਭਾ ਮੈਂਬਰ ਚੁਗਿਰਦਾ ਪ੍ਰੇਮੀ ਸ਼੍ਰੀ ਬਲਬੀਰ ਸਿੰਘ ਸੀਚੇਵਾਲ, ਸ਼੍ਰੀ ਅਸ਼ੋਕ ਮਿੱਤਲ ਅਤੇ ਕ੍ਰਿਕੇਟ ਖਿਡਾਰੀ ਹਰਭਜਨ ਸਿੰਘ ਵੀ ਇਸ ਮੌਕੇ ਹਾਜ਼ਰ ਰਹੇ ।

---------------------------------------------------

ਭਾਰਤੀ ਫ਼ੌਜ ਵੱਲੋਂ ਆਪ੍ਰੇਸ਼ਨ ਸਿੰਦੂਰ ਦੌਰਾਨ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਸਹਿਯੋਗ ਅਤੇ ਆਪ੍ਰੇਸ਼ਨ ਨੂੰ ਸਫਲ ਬਣਾਉਣ ਲਈ ਪਾਏ ਯੋਗਦਾਨ ਲਈ ਜ਼ਿਲ੍ਹੇ ਦੇ ਸਿਵਲ ਪ੍ਰਸ਼ਾਸਨ ਦਾ ਸਨਮਾਨ ਕੀਤਾ ਗਿਆ। ਫ਼ੌਜ ਦੇ ਸੀਨੀਅਰ ਅਧਿਕਾਰੀ ਵੱਲੋਂ ਪਟਿਆਲਾ ਮੰਡਲ ਦੇ ਕਮਿਸ਼ਨਰ ਵਿਨੈ ਬੁਬਲਾਨੀ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨਾਲ ਮੁਲਾਕਾਤ ਕਰਕੇ ਭਾਰਤੀ ਫ਼ੌਜ, ਸਿਵਲ ਪ੍ਰਸ਼ਾਸਨ ਸਮੇਤ ਹੋਰ ਸੁਰੱਖਿਆ

ਬਲਾਂ ਵਿਚਕਾਰ ਬਿਹਤਰ ਤਾਲਮੇਲ ’ਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਕਿ ਸੁਰੱਖਿਆ ਅਤੇ ਸ਼ਾਂਤੀ ਬਣਾਈ ਰੱਖਣ ਵਿੱਚ ਅਜਿਹੇ ਤਾਲਮੇਲ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਏ। ਇਸ ਮੌਕੇ ਉਨ੍ਹਾਂ ਜ਼ਿਲ੍ਹੇ ਦੇ ਆਮ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਜ਼ਰੂਰੀ ਸੇਵਾਵਾਂ ਅਤੇ ਸੁਰੱਖਿਆ ਸਹਾਇਤਾ ਪ੍ਰਦਾਨ ਕਰਨ ਵਿੱਚ ਸਾਂਝੇ ਯਤਨਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਫ਼ੌਜ ਦੇ ਅਧਿਕਾਰੀਆਂ ਨੇ ਕਿਹਾ ਕਿ, “ਸਾਡੇ ਆਪ੍ਰੇਸ਼ਨ ਨੂੰ ਸਫਲ ਬਣਾਉਣ ਵਿੱਚ ਸਿਵਲ ਪ੍ਰਸ਼ਾਸਨ ਦੇ ਮਹੱਤਵਪੂਰਨ ਯੋਗਦਾਨ ਨੇ ਮੁੱਖ ਭੂਮਿਕਾ ਨਿਭਾਈ ਏ। ਉਨ੍ਹਾਂ ਦੀ ਤੁਰੰਤ ਪ੍ਰਤੀਕਿਰਿਆ, ਇਲਾਕਾਈ ਜਾਣਕਾਰੀ, ਅਤੇ ਵਸੀਲੇ ਜੁਟਾਉਣ ਅਤੇ ਮੌਕ ਡਰਿਲ ਕਰਨ ਦੀ ਯੋਗਤਾ ਨੇ ਫ਼ੌਜ ਨੂੰ ਵੱਖ-ਵੱਖ ਚੁਣੌਤੀਆਂ ਨੂੰ ਦੂਰ ਕਰਨ ਵਿੱਚ ਮਦਦ ਕੀਤੀ ਏ। ਉਨ੍ਹਾਂ ਕਿਹਾ ਕਿ ਅਸੀਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿਲੇ ਨਿਰੰਤਰ ਸਹਿਯੋਗ ਲਈ ਤਹਿ ਦਿਲੋਂ ਧੰਨਵਾਦੀ ਹਾਂ।”

-------------------------------------------------------

ਅੱਜ ਦੇਸ਼ ਭਰ ਵਿਚ ਸਤਿਗੁਰ ਕਬੀਰ ਜੀ ਦਾ ਪ੍ਰਕਾਸ਼ ਉਤਸਵ ਪੂਰੀ ਧਾਰਮਿਕ ਸ਼ਰਧਾ ਨਾਲ ਮਨਾਇਆ ਜਾ ਰਿਹਾ ਏ. ਓਹਨਾਂ ਨੇ ਊਚ -

ਨੀਚ ਸਮਾਜਿਕ ਕੁਰੀਤੀਆਂ ਤੇ ਅੰਧ ਵਿਸ਼ਵਾਸ ਨੂੰ ਖਤਮ ਕਰਨ ਲਈ ਆਪਣਾ ਪੂਰਾ ਜੀਵਨ ਸਮਰਪਤ ਕਰ ਦਿੱਤਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਮਹਾਨ ਕਵੀ ਅਤੇ ਸਮਾਜ ਸੁਧਾਰਕ ਸੰਤ ਕਬੀਰ ਦਾਸ ਨੂੰ ਓਹਨਾਂ ਦੀ ਜਯੰਤੀ 'ਤੇ ਸ਼ਰਧਾਂਜਲੀ ਭੇਂਟ ਕਿਤ. ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿਚ ਸ਼੍ਰੀ ਮੋਦੀ ਨੇ ਕਿਹਾ ਕਿ ਸੰਤ ਕਬੀਰ ਨੇ ਆਪਣਾ ਜੀਵਨ ਸਦਭਾਵਨਾ ਲਈ ਸਮਰਪਿਤ ਕਰ ਦਿੱਤਾ. ਸ਼੍ਰੀ ਮੋਦੀ ਨੇ ਕਿਹਾ ਕਿ ਸ਼ਬਦਾਂ ਦੀ ਸਰਲਤਾ ਅਤੇ ਭਾਵਨਾਵਾਂ ਦੀ ਡੂੰਘਾਈ ਕਰਨ ਓਹਨਾਂ ਦੇ ਦੋਹੇ ਭਾਰਤੀ ਮਾਨਸਿਕਤਾ 'ਤੇ ਡੂੰਘਾ ਪ੍ਰਭਾਵ ਪਾਉਂਦੇ ਨੇ. ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਮਾਜ ਵਿਚ ਪ੍ਰਚਲਿਤ ਬੁਰਾਈਆਂ ਨੂੰ ਖਤਮ ਕਰਨ ਵਿਚ ਓਹਨਾਂ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਕੀਤਾ ਜਾਏਗਾ.ਸ਼੍ਰੀ ਮੋਦੀ ਨੇ ਇਸ ਸੰਬੰਧੀ ਇੱਕ ਸੰਦੇਸ਼ ਵੀ ਜਾਰੀ ਕੀਤਾ. ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਸੰਤ ਕਬੀਰ ਜੀ ਦੇ ਪ੍ਰਕਾਸ਼ ਉਤਸਵ 'ਤੇ ਵਧਾਈ ਦਿੱਤੀ ਏ. ਇੱਕ ਸੋਸ਼ਲ ਮੀਡਿਆ ਪੋਸਟ ਵਿਚ ਮੁਖ ਮੰਤਰੀ ਨੇ ਕਿਹਾ ਕਿ ਕਬੀਰ ਜੀ ਨੇ ਪਾਖੰਡਵਾਦ ਤੇ ਕੁਰੀਤੀਆਂ ਦਾ

ਜ਼ੋਰਦਾਰ ਵਿਰੋਧ ਕੀਤਾ. ਓਹਨਾਂ ਦੀ ਬਾਨੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਦਰਜ ਏ।

---------------------------------------------------------------

ਦੇਸ਼ ਦੇ ਉੱਤਰ ਦੇ ਜ਼ਿਆਦਾਤਰ ਹਿੱਸਿਆਂ ਵਿਚ ਭਿਆਨਕ ਗਰਮੀ ਦੀ ਲਹਿਰ ਚਲ ਰਹੀ ਏ ਅਤੇ ਤਾਪਮਾਨ ਆਮ ਨਾਲੋਂ ਵਧ ਜਾ ਰਿਹਾ ਏ. ਪੰਜਾਬ ਵੀ ਜ਼ਬਰਦਸਤ ਗਰਮੀ ਦੀ ਮਾਰ ਹੇਠ ਏ। ਬਠਿੰਡਾ ਵਿਚ ਕਲ੍ਹ ਤਾਪਮਾਨ 47. 6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ. ਮੌਸਮ ਵਿਭਾਗ ਨੇ ਪੇਸ਼ੀਨਗੋਈ ਕੀਤੀ ਏ ਕਿ ਅਗਲੇ ਤਿੰਨ ਦਿਨਾਂ ਤਕ ਪੰਜਾਬ, ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਵਿਚ ਗਰਮੀ ਦੀ ਲਹਿਰ ਜਾਰੀ ਰਹੇਗੀ. ਵਿਭਾਗ ਨੇ ਅੱਜ ਪੰਜਾਬ, ਚੰਡੀਗੜ੍ਹ ਤੇ ਹਰਿਆਣਾ 'ਚ ਵਖ - ਚਖ ਥਾਵਾਂ 'ਤੇ ਰਾਤ ਨੂੰ ਗਰਮ ਮੌਸਮ ਰਹਿਣ ਦੀ ਪੇਸ਼ੀਨਗੋਈ ਕੀਤੀ ਏ।

---------------------------------------------------------------

- ਪ੍ਰਧਾਨ ਮੰਤਰੀ ਮੋਦੀ ਨੇ ਭਲਾਈ-ਅਧਾਰਤ ਵਿਕਾਸ ਪ੍ਰਤੀ ਸਰਕਾਰ ਦੇ ਅਟੁੱਟ ਸਮਰਪਣ ਦੀ ਪੁਸ਼ਟੀ ਕੀਤੀ ਏ।

- ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਕਿਹਾ ਏ ਕਿ ਚੁਗਿਰਦੇ ਦੇ ਸਤਿਕਾਰ ਦੀ ਭਾਰਤ ਦੀ ਮੁਢ ਤੋਂ ਚਲੀ ਆ ਰਹੀ ਰਵਾਇਤ ਨੂੰ ਮੁੜ੍ਹ – ਸੁਰਜੀਤ ਕਰਨ ਦੀ ਲੋੜ ਏ ।
- ਪੰਜਾਬ ਦੇ ਮੁਖ – ਮੰਤਰੀ ਭਗਵੰਤ ਸਿੰਘ ਮਾਨ ਵਲੋਂ ਅੱਜ ਜਲੰਧਰ ਦੇ ਬਰਲਟਨ ਪਾਰਕ ਵਿਖੇ ਵਿਸ਼ਵ ਪਧਰੀ ਸਪੋਰਟਸ ਹਬ ਦਾ ਨੀਂਹ ਪਥਰ ਰਖਿਆ ।
- ਅੱਜ ਦੇਸ਼ ਭਰ ਵਿਚ ਸਤਿਗੁਰ ਕਬੀਰ ਜੀ ਦਾ ਪ੍ਰਕਾਸ਼ ਉਤਸਵ ਪੂਰੀ ਧਾਰਮਿਕ ਸ਼ਰਧਾ ਨਾਲ ਮਨਾਇਆ ਜਾ ਰਿਹਾ ਏ ।
- ਪੰਜਾਬ ਭਰ ਵਿਚ ਜ਼ਬਰਦਸਤ ਗਰਮੀ ਪੈਣਾ ਜਾਰੀ ਏ.